75

-244-

# ਪੰਜਾਬ ਸਹਿਰੀ ਯੋਜਨਾਂਬੰਦੀ ਅਤੇ ਵਿਕਾਸ ਅਥਾਰਟੀ,

ਪੁੱਡਾ ਭਵਨ, ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ।

ਵੱਲ

1. ਮੁੱਖ ਸਕੱਤਰ, ਪੰਜਾਬ ਸਰਕਾਰ;
2. ਸਮੂਹ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ;
3. ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ;
4. ਪੰਜਾਬ ਰਾਜ ਦੇ ਸਮੂਹ ਡਵੀਜ਼ਨਾਂ ਦੇ ਕਮਿਸ਼ਨਰ;
5. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਸਮੂਹ ਜਿਲ੍ਹਾ ਸੈਸ਼ਨ ਜੱਜ;
6. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ਅਤੇ ਸਮੂਹ ਸਬ ਡਵੀਜਨਲ ਮੈਜਿਸਟਰੇਟ;
7. ਚੇਅਰਮੈਨ / ਮੈਨੇਜਿੰਗ ਡਾਇਰੈਕਟਰਜ, ਬੋਰਡਾਂ/ਕਾਰਪੋਰੇਸ਼ਨਾਂ।

ਨੰ: ਪੁੱਡਾ-ਪਾਲਿਸੀ/ਸ5/2016/22956-23129 ਮਿਤੀ: 3/11/16

ਵਿਸ਼ਾ: ਪੰਜਾਬ ਸਰਕਾਰ, ਪੰਜਾਬ ਸਰਕਾਰ ਦੇ ਬੋਰਡ, ਕਾਰਪੋਰੇਸ਼ਨਾ, ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਅਤੇ ਪੁੱਡਾ/ਅਥਾਰਟੀਆਂ ਦੇ ਕਰਮਚਾਰੀਆਂ ਨੂੰ ਮਲਟੀਸਟੋਰੀ ਫਲੈਟਾਂ ਦੀ ਅਲਾਟਮੈਂਟ ਕਰਨ ਦੀ ਪਾਲਿਸੀ ਜਾਰੀ ਕਰਨ ਬਾਰੇ।

ਹਵਾਲਾ: ਇਸ ਦਫਤਰ ਦੇ ਪੱਤਰ ਨੰ: ਪੁੱਡਾ-ਪਾਲਿਸੀ/2016/13441-13614 ਮਿਤੀ 17-06-2016.

ਉਪਰੋਕਤ ਹਵਾਲੇ ਅਧੀਨ ਪੱਤਰ ਰਾਹੀਂ ਪੰਜਾਬ ਸਰਕਾਰ, ਪੰਜਾਬ ਸਰਕਾਰ ਦੇ ਬੋਰਡ, ਕਾਰਪੋਰੇਸ਼ਨਾ, ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਅਤੇ ਪੁੱਡਾ/ਅਥਾਰਟੀਆਂ ਦੇ ਕਰਮਚਾਰੀਆਂ ਨੂੰ ਮਲਟੀਸਟੋਰੀ ਫਲੈਟਾਂ ਦੀ ਅਲਾਟਮੈਂਟ ਕਰਨ ਲਈ ਜਾਰੀ ਕੀਤੀ ਗਈ ਪਾਲਿਸੀ ਵਿੱਚ ਦਰਜ ਯੋਗਤਾ ਦੇ ਲੜੀ ਨੰ: ੲ, ਸ ਅਤੇ ਖ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

| ਮੌਜੂਦਾ ਪਾਲਿਸੀ ਵਿੱਚ ਉਪਬੰਧ | ਕੀਤੀ ਗਈ ਸੋਧ |
|---|---|
| (ੲ) ਕੇਵਲ ਉਹ ਬਿਨੈਕਾਰ ਹੀ ਇਸ ਪਾਲਿਸੀ ਤਹਿਤ ਯੋਗ ਹੋਣਗੇ ਜਿਨ੍ਹਾਂ ਕੋਲ ਜਾਂ ਉਨ੍ਹਾਂ ਦੇ ਪਤੀ ਜਾਂ ਪਤਨੀ ਜਾਂ ਕਿਸੇ ਮਾਈਨਰ ਬੱਚੇ ਜਾਂ ਆਸਰਤ ਬੱਚੇ ਕੋਲ ਪੰਜਾਬ ਦੀ ਕਿਸੇ ਵੀ ਅਰਬਨ ਅਸਟੇਟ ਵਿੱਚ ਕੋਈ ਰਿਹਾਇਸ਼ੀ ਪਲਾਟ/ਮਕਾਨ ਨਹੀਂ ਹੈ। ਇਸ ਤੋਂ ਇਲਾਵਾ ਜੇਕਰ ਬਿਨੈਕਾਰ ਮੋਹਾਲੀ ਸਟੇਸ਼ਨ/ਨਿਊ ਚੰਡੀਗੜ੍ਹ ਲਈ ਅਪਲਾਈ ਕਰ ਰਿਹਾ ਹੈ/ਕਰ ਰਹੀ ਹੈ ਤਾਂ ਉਸ ਕੋਲ ਜਾਂ ਉਸਦੇ ਪਤੀ ਜਾਂ ਪਤਨੀ ਜਾਂ ਕਿਸੇ ਮਾਈਨਰ ਬੱਚੇ ਜਾਂ ਆਸ਼ਰਿਤ ਬੱਚੇ ਕੋਲ ਮੋਹਾਲੀ, ਚੰਡੀਗੜ੍ਹ/ਨਿਊ ਚੰਡੀਗੜ੍ਹ ਅਤੇ ਪੰਚਕੂਲਾ ਵਿੱਚ ਕੋਈ ਰਿਹਾਇਸ਼ੀ ਮਕਾਨ/ਪਲਾਟ ਨਹੀਂ ਹੈ।<br><br>(ਸ) ਜੇਕਰ ਕਿਸੇ ਬਿਨੈਕਾਰ ਜਾਂ ਉਸ ਦੇ ਪਤੀ/ਪਤਨੀ ਜਾਂ ਆਸ਼ਰਤ ਬੱਚੇ ਨੂੰ ਪੰਜਾਬ ਰਾਜ ਵਿੱਚ ਕਿਸੇ ਸਰਕਾਰੀ/ਅਰਧ ਸਰਕਾਰੀ ਸੰਸਥਾ/ਇੰਮਪਰੂਵਮੈਂਟ ਟਰਸਟ/ ਬੋਰਡ ਕਾਰਪੋਰੇਸ਼ਨ/ਮਿਊਂਸਪਲ ਕਮੇਟੀ/ ਕਾਰਪੋਰੇਸ਼ਨ/ ਰਜਿਸਟਰਡ ਸੋਸਾਇਟੀ ਜਿਵੇਂ ਕਿ ਆਰਮੀ ਵੈਲਫੇਅਰ ਹਾਊਸਿੰਗ ਆਰਗੇਨਾਈਜੇਸ਼ਨ ਜਾਂ ਕੋਆਪਰੇਟਿਵ ਸੋਸਾਇਟੀ ਤੋਂ ਕੋਈ ਰਿਆਇਸ਼ੀ ਮਕਾਨ/ਪਲਾਟ ਦੀ ਅਲਾਟਮੈਂਟ ਹੋਈ ਹੋਵੇ ਤਾਂ ਉਹ ਇਸ ਪਾਲਿਸੀ ਅਧੀਨ ਅਪਲਾਈ ਕਰਨ ਲਈ ਯੋਗ ਨਹੀਂ ਹੋਵੇਗਾ। | (ੲ , ਸ) ਇਸ ਸਕੀਮ ਅਧੀਨ ਪੰਜਾਬ ਸਰਕਾਰ, ਪੰਜਾਬ ਸਰਕਾਰ ਦੇ ਬੋਰਡ, ਕਾਰਪੋਰੇਸ਼ਨਾਂ, ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਅਤੇ ਪੁੱਡਾ/ਅਥਾਰਟੀਆਂ ਵਿੱਚ ਕੰਮ ਕਰ ਰਹੇ (ਭਾਰਤ ਸਰਕਾਰ ਜਾਂ ਦੂਜੇ, ਪ੍ਰਾਂਤਾ ਤੋਂ ਡੈਪੂਟੇਸ਼ਨ ਤੇ ਆਏ ਕਰਮਚਾਰੀਆਂ ਨੂੰ ਛੱਡ ਕੇ) ਸਾਰੇ ਅਧਿਕਾਰੀ/ਕਰਮਚਾਰੀ ਅਪਲਾਈ ਕਰ ਸਕਦੇ ਹਨ ਪਰੰਤੂ ਪਹਿਲ ਉਹਨਾਂ ਬਿਨੈਕਾਰਾਂ ਨੂੰ ਹੀ ਦਿੱਤੀ ਜਾਵੇਗੀ ਜਿਨ੍ਹਾਂ ਬਿਨੈਕਾਰਾਂ ਕੋਲ ਜਾਂ ਉਨਾਂ ਦੇ ਪਤੀ ਜਾਂ ਪਤਨੀ ਜਾਂ ਕਿਸੇ ਮਾਈਨਰ ਬੱਚੇ ਜਾਂ ਆਸਰਤ ਬੱਚੇ ਕੋਲ ਪੰਜਾਬ ਦੀ ਕਿਸੇ ਵੀ ਅਰਬਨ ਅਸਟੇਟ, ਚੰਡੀਗੜ੍ਹ, ਪੰਚਕੂਲਾ ਅਤੇ ਪੰਜਾਬ ਰਾਜ ਵਿੱਚ ਕਿਸੇ ਸਰਕਾਰੀ/ਅਰਧ ਸਰਕਾਰੀ ਸੰਸਥਾ/ਇੰਮਪਰੂਵਮੈਂਟ ਟਰਸਟ/ ਬੋਰਡ ਕਾਰਪੋਰੇਸ਼ਨ/ ਮਿਊਂਸਪਲ ਕਮੇਟੀ/ ਕਾਰਪੋਰੇਸ਼ਨ/ ਰਜਿਸਟਰਡ ਸੋਸਾਇਟੀ ਜਿਵੇਂ ਕਿ ਆਰਮੀ ਵੈਲਫੇਅਰ ਹਾਊਸਿੰਗ ਆਰਗੇਨਾਈਜੇਸ਼ਨ ਜਾਂ ਕੋਆਪਰੇਟਿਵ ਸੋਸਾਇਟੀ ਵਿੱਚ ਕੋਈ ਰਿਹਾਇਸ਼ੀ ਮਕਾਨ/ਪਲਾਟ/ਫਲੈਟ ਨਹੀਂ ਹੈ। ਜੇਕਰ ਇਹਨਾਂ ਬਿਨੈਕਾਰਾਂ ਨੂੰ ਫਲੈਟ ਅਲਾਟ ਕਰਨ ਉਪਰੰਤ ਫਲੈਟ ਬਾਕੀ ਬਚ ਜਾਂਦੇ ਹਨ ਤਾਂ ਅਜਿਹੇ ਬਿਨੈਕਾਰ ਜਿਨ੍ਹਾ ਕੋਲ ਉਕਤ ਸਕੀਮਾਂ ਤਹਿਤ ਪਲਾਟ/ਫਲੈਟ/ਮਕਾਨ ਹਨ, ਨੂੰ ਵੀ ਵਿਚਾਰਿਆ ਜਾਵੇਗਾ। |
| (ਖ) ਅਰਜੀਆਂ ਦੇਣ ਵਾਲੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਇੱਕ ਸਵੈ-ਘੋਸ਼ਨਾ ਦੇਣੀ ਹੋਵੇਗੀ ਕਿ ਉਸ ਦੇ ਨਾਮ ਤੇ ਜਾਂ ਉਸ ਤੇ ਆਸ਼ਰਿਤ ਦੇ ਨਾਮ ਤੇ ਪੰਜਾਬ ਦੀ ਕਿਸੇ ਸ਼ਹਿਰੀ ਮਿਲਖ/ਇੰਮਪਰੂਮੈਂਟ ਟਰੱਸਟ ਵਿੱਚ ਕੋਈ ਰਿਹਾਇਸ਼ੀ ਪਲਾਟ/ਮਕਾਨ ਨਹੀਂ ਹੈ ਅਤੇ ਉਸ ਨੂੰ ਜਾਂ ਉਸ ਦੇ ਆਸ਼ਰਿਤ ਨੂੰ ਪਹਿਲਾਂ ਪੰਜਾਬ ਪੰਜਾਬ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਬੋਰਡ / ਡਾਇਰੈਕਟੋਰੇਟ / ਪੁੱਡਾ ਜਾਂ ਕਿਸੇ ਹੋਰ ਵਿਭਾਗ ਜਾਂ ਸਰਕਾਰੀ ਏਜੰਸੀ ਵੱਲੋਂ ਕੋਈ ਪਲਾਟ ਜਾਂ ਮਕਾਨ Employees quota/ Discretionary quota ਵਿਚੋਂ ਅਲਾਟ ਨਹੀਂ ਹੋਇਆ ਅਤੇ ਨਾ ਹੀ ਪੁੱਡਾ ਵੱਲੋਂ ਆਪਣੇ ਕਰਮਚਾਰੀਆਂ ਲਈ ਉਲੀਕੀ ਕਿਸੇ ਸਕੀਮ ਵਿੱਚ ਕੋਈ ਰਿਹਾਇਸ਼ੀ ਪਲਾਟ/ਮਕਾਨ ਅਲਾਟ ਹੋਇਆ ਹੈ। ਜੇਕਰ ਬਿਨੈਕਾਰ ਮੋਹਾਲੀ/ਨਿਊ ਚੰਡੀਗੜ੍ਹ ਸਟੇਸ਼ਨ ਲਈ ਅਪਲਾਈ ਕਰ ਰਿਹਾ ਹੈ ਤਾਂ ਉਸ ਨੂੰ ਸਵੈ-ਘੋਸ਼ਨਾ ਦੇਣੀ ਹੋਵੇਗੀ ਕਿ ਉਸ ਦੇ ਨਾਮ ਤੇ ਜਾਂ ਉਸ ਤੇ ਆਸ਼ਰਿਤ ਦੇ ਨਾਮ ਤੇ ਪੰਜਾਬ ਦੀ ਕਿਸੇ ਵੀ ਅਰਬਨ ਅਸਟੇਟ ਵਿੱਚ ਮੋਹਾਲੀ, ਚੰਡੀਗੜ੍ਹ, ਨਿਊ ਚੰਡੀਗੜ੍ਹ ਅਤੇ ਪੰਚਕੁੱਲਾ ਵਿੱਚ ਸਥਾਪਤ ਸ਼ਹਿਰੀ | ਉਪਰੋਕਤ ਲੜੀ ਨੰ: 'ੲ' ਅਨੁਸਾਰ ਪਹਿਲ ਦੇ ਅਧਾਰ ਤੇ ਤਰਜੀਹ ਲੈਣ ਵਾਲੇ ਬਿਨੈਕਾਰਾਂ ਨੂੰ ਸਵੈ ਘੋਸ਼ਣਾ ਦੇਣੀ ਹੋਵੇਗੀ ਕਿ ਉਸ ਦੇ ਨਾਮ ਤੇ ਜਾਂ ਉਸ ਦੇ ਪਤੀ ਜਾਂ ਪਤਨੀ ਜਾਂ ਕਿਸੇ ਮਾਈਨਰ ਬੱਚੇ ਜਾਂ ਆਸਰਤ ਬੱਚੇ ਕੋਲ ਪੰਜਾਬ ਦੀ ਕਿਸੇ ਵੀ ਅਰਬਨ ਅਸਟੇਟ, ਚੰਡੀਗੜ੍ਹ, ਪੰਚਕੂਲਾ ਅਤੇ ਪੰਜਾਬ ਰਾਜ ਵਿੱਚ ਕਿਸੇ ਸਰਕਾਰੀ/ਅਰਧ ਸਰਕਾਰੀ ਸੰਸਥਾ/ਇੰਮਪਰੂਵਮੈਂਟ ਟਰਸਟ/ਬੋਰਡ ਕਾਰਪੋਰੇਸ਼ਨ/ਮਿਊਂਸਪਲ ਕਮੇਟੀ/ ਕਾਰਪੋਰੇਸ਼ਨ / ਰਜਿਸਟਰਡ ਸੋਸਾਇਟੀ ਜਿਵੇਂ ਕਿ ਆਰਮੀ ਵੈਲਫੇਅਰ ਹਾਊਸਿੰਗ ਆਰਗੇਨਾਈਜੇਸ਼ਨ ਜਾਂ ਕੋਆਪਰੇਟਿਵ ਸੋਸਾਇਟੀ ਵਿੱਚ ਕੋਈ ਰਿਹਾਇਸ਼ੀ ਮਕਾਨ/ਪਲਾਟ/ਫਲੈਟ ਨਹੀਂ ਹੈ ਅਤੇ ਉਸ ਨੂੰ ਜਾਂ ਉਸ ਦੇ ਆਸ਼ਰਿਤ ਨੂੰ ਪਹਿਲਾਂ ਪੰਜਾਬ ਪੰਜਾਬ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਬੋਰਡ / ਡਾਇਰੈਕਟੋਰੇਟ / ਪੁੱਡਾ ਜਾਂ ਕਿਸੇ ਹੋਰ ਵਿਭਾਗ ਜਾਂ ਸਰਕਾਰੀ ਏਜੰਸੀ ਵੱਲੋਂ ਕੋਈ ਪਲਾਟ ਜਾਂ ਮਕਾਨ Employees quota/ Discretionary quota ਵਿਚੋਂ ਅਲਾਟ ਨਹੀਂ ਹੋਇਆ ਅਤੇ ਨਾ ਹੀ ਪੁੱਡਾ ਵੱਲੋਂ ਆਪਣੇ ਕਰਮਚਾਰੀਆਂ ਲਈ ਉਲੀਕੀ |

76

245

| | |
|---|---|
| ਮਿਲਖ/ਇੰਪਰੂਵਮੈਂਟ ਟਰੱਸਟ ਵਿੱਚ ਕੋਈ ਰਿਹਾਇਸ਼ੀ ਪਲਾਟ/ਮਕਾਨ ਨਹੀਂ ਹੈ ਅਤੇ ਉਸ ਨੂੰ ਜਾਂ ਉਸ ਦੇ ਆਸ਼ਰਿਤ ਨੂੰ ਪਹਿਲਾਂ ਪੰਜਾਬ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਬੋਰਡ / ਡਾਇਰੈਕਟੋਰੇਟ / ਪੁੱਡਾ ਜਾਂ ਕਿਸੇ ਹੋਰ ਵਿਭਾਗ ਜਾਂ ਸਰਕਾਰੀ ਏਜੰਸੀ ਵਲੋਂ ਕੋਈ ਪਲਾਟ ਜਾਂ ਮਕਾਨ Employees quota /Discretionary quota ਵਿਚੋਂ ਅਲਾਟ ਨਹੀਂ ਹੋਇਆ ਅਤੇ ਨਾਂ ਹੀ ਪੁੱਡਾ ਵੱਲੋਂ ਆਪਣੇ ਕਰਮਚਾਰੀਆਂ ਲਈ ਉਲੀਕੀ ਕਿਸੇ ਸਕੀਮ ਵਿੱਚ ਕੋਈ ਰਿਹਾਇਸ਼ੀ ਪਲਾਟ/ ਮਕਾਨ ਅਲਾਟ ਹੋਇਆ ਹੈ।<br>ਸਾਰੇ ਬਿਨੈਕਾਰਾਂ ਨੂੰ ਇਹ ਵੀ ਸਵੈ-ਘੋਸ਼ਨਾ ਕਰਨੀ ਹੋਵੇਗੀ ਕਿ ਜੇਕਰ ਬਿਨੈਕਾਰ ਵੱਲੋਂ ਦਿੱਤੀ ਗਈ ਸੂਚਨਾ ਕਿਸੇ ਸਟੇਜ ਤੇ ਗਲਤ ਹੋਣ ਬਾਰੇ ਪਤਾ ਚੱਲਦਾ ਹੈ ਜਾਂ ਉਸ ਵੱਲੋਂ ਕੋਈ ਤੱਥ ਛੁਪਾਏ ਗਏ ਹੋਣ, ਜਿਸ ਨਾਲ ਉਹ ਇਸ ਸਕੀਮ ਅਧੀਨ ਅਲਾਟਮੈਂਟ ਲਈ ਅਯੋਗ ਹੁੰਦਾ ਹੋਵੇ, ਤਾਂ ਉਸ ਬਿਨੈਕਾਰ ਨੂੰ ਕੀਤੀ ਗਈ ਅਲਾਟਮੈਂਟ ਰੱਦ ਕਰ ਦਿੱਤੀ ਜਾਵੇਗੀ ਅਤੇ ਕੁੱਲ ਜਮ੍ਹਾਂ ਕਰਵਾਈ ਗਈ ਰਕਮ ਜਬਤ ਕਰਨ ਤੋਂ ਇਲਾਵਾ ਉਸ ਵਿਰੁੱਧ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। | ਕਿਸੇ ਸਕੀਮ ਵਿੱਚ ਕੋਈ ਰਿਹਾਇਸ਼ੀ ਪਲਾਟ/ਮਕਾਨ ਅਲਾਟ ਹੋਇਆ ਹੈ ਅਤੇ ਉਸ ਨੂੰ ਜਾਂ ਉਸ ਦੇ ਆਸ਼ਰਿਤ ਨੂੰ ਪਹਿਲਾਂ ਪੰਜਾਬ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਬੋਰਡ / ਡਾਇਰੈਕਟੋਰੇਟ / ਪੁੱਡਾ ਜਾਂ ਕਿਸੇ ਹੋਰ ਵਿਭਾਗ ਜਾਂ ਸਰਕਾਰੀ ਏਜੰਸੀ ਵਲੋਂ ਕੋਈ ਪਲਾਟ ਜਾਂ ਮਕਾਨ Employees quota /Discretionary quota ਵਿਚੋਂ ਅਲਾਟ ਨਹੀਂ ਹੋਇਆ ਅਤੇ ਨਾਂ ਹੀ ਪੁੱਡਾ ਵੱਲੋਂ ਆਪਣੇ ਕਰਮਚਾਰੀਆਂ ਲਈ ਉਲੀਕੀ ਕਿਸੇ ਸਕੀਮ ਵਿੱਚ ਕੋਈ ਰਿਹਾਇਸ਼ੀ ਪਲਾਟ/ ਮਕਾਨ ਅਲਾਟ ਹੋਇਆ ਹੈ।<br>ਜਿਹੜੇ ਬਿਨੈਕਾਰਾਂ ਕੋਲ ਪਹਿਲਾਂ ਪੰਜਾਬ ਦੀ ਕਿਸੇ ਵੀ ਅਰਬਨ ਅਸਟੇਟ, ਚੰਡੀਗੜ੍ਹ, ਪੰਚਕੂਲਾ ਅਤੇ ਪੰਜਾਬ ਰਾਜ ਵਿੱਚ ਕਿਸੇ ਸਰਕਾਰੀ/ਅਰਧ ਸਰਕਾਰੀ ਸੰਸਥਾ/ਇਮਪਰੂਵਮੈਂਟ ਟਰਸਟ/ ਬੋਰਡ ਕਾਰਪੋਰੇਸ਼ਨ/ ਮਿਊਂਸਪਲ ਕਮੇਟੀ/ ਕਾਰਪੋਰੇਸ਼ਨ/ ਰਜਿਸਟਰਡ ਸੋਸਾਇਟੀ ਜਿਵੇਂ ਕਿ ਆਰਮੀ ਵੈਲਫੇਅਰ ਹਾਊਸਿੰਗ ਆਰਗੇਨਾਈਜੇਸ਼ਨ ਜਾਂ ਕੋਆਪਰੇਟਿਵ ਸੋਸਾਇਟੀ ਵਿੱਚ ਕੋਈ ਰਿਹਾਇਸ਼ੀ ਮਕਾਨ/ਪਲਾਟ/ਫਲੈਟ ਹੈ, ਉਹਨਾਂ ਵੱਲੋਂ ਅਪਣੇ ਪਲਾਟ/ਮਕਾਨ/ਫਲੈਟ ਸਬੰਧੀ ਵੇਰਵੇ ਦੱਸਣੇ ਜਰੂਰੀ ਹੋਣਗੇ।<br>ਸਾਰੇ ਬਿਨੈਕਾਰਾਂ ਨੂੰ ਇਹ ਵੀ ਸਵੈ-ਘੋਸ਼ਨਾ ਕਰਨੀ ਹੋਵੇਗੀ ਕਿ ਜੇਕਰ ਬਿਨੈਕਾਰ ਵੱਲੋਂ ਦਿੱਤੀ ਗਈ ਸੂਚਨਾਂ ਕਿਸੇ ਸਟੇਜ ਤੇ ਗਲਤ ਹੋਣ ਬਾਰੇ ਪਤਾ ਚੱਲਦਾ ਹੈ ਜਾਂ ਉਸ ਵੱਲੋਂ ਕੋਈ ਤੱਥ ਛੁਪਾਏ ਗਏ ਹੋਣ, ਜਿਸ ਨਾਲ ਉਹ ਇਸ ਸਕੀਮ ਅਧੀਨ ਅਲਾਟਮੈਂਟ ਲਈ ਅਯੋਗ ਹੁੰਦਾ ਹੋਵੇ, ਤਾਂ ਉਸ ਬਿਨੈਕਾਰ ਨੂੰ ਕੀਤੀ ਗਈ ਅਲਾਟਮੈਂਟ ਰੱਦ ਕਰ ਦਿੱਤੀ ਜਾਵੇਗੀ ਅਤੇ ਕੁੱਲ ਜਮ੍ਹਾਂ ਕਰਵਾਈ ਗਈ ਰਕਮ ਜਬਤ ਕਰਨ ਤੋਂ ਇਲਾਵਾ ਉਸ ਵਿਰੁੱਧ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। |

3/11/16

ਅਮਲਾ ਅਫਸਰ(ਪਾਲਿਸੀ)
ਵਾ:ਮੁੱਖ ਪ੍ਰਸ਼ਾਸਕ

ਪਿੱਠ ਅੰਕਣ ਨੰ: ਪੁੱਡਾ/ਪਾਲਿਸੀ/2016 23130 – 23135 ਮਿਤੀ: 3/11/16

ਉਪਰੋਕਤ ਦਾ ਉਤਾਰਾ ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ.ਨਗਰ, ਪੀ.ਡੀ.ਏ., ਪਟਿਆਲਾ, ਬੀ.ਡੀ.ਏ., ਬਠਿੰਡਾ, ਗਲਾਡਾ, ਲੁਧਿਆਣਾ, ਜੇ.ਡੀ.ਏ., ਜਲੰਧਰ, ਏ.ਡੀ.ਏ., ਅੰਮ੍ਰਿਤਸਰ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ ਜੀ।

3/11/16

ਅਮਲਾ ਅਫਸਰ(ਪਾਲਿਸੀ)
ਵਾ:ਮੁੱਖ ਪ੍ਰਸ਼ਾਸਕ

ਪਿੱਠ ਅੰਕਣ ਨੰ: ਪੁੱਡਾ/ਪਾਲਿਸੀ/2016 23136 ਮਿਤੀ: 3/11/16

ਉਪਰੋਕਤ ਦਾ ਉਤਾਰਾ ਜੀ.ਐਮ. (ਆਈ.ਟੀ ਐਂਡ ਸੀ) ਨੂੰ ਸਮੇਤ ਸਾਫਟ ਕਾਪੀ ਵੈਬਸਾਈਟ ਤੇ ਅਪਲੋਡ ਕਰਨ ਲਈ ਭੇਜੀ ਜਾਂਦੀ ਹੈ।

3/11/16

ਅਮਲਾ ਅਫਸਰ(ਪਾਲਿਸੀ)
ਵਾ: ਮੁੱਖ ਪ੍ਰਸ਼ਾਸਕ

ਪਿੱਠ ਅੰਕਣ ਨੰ: ਪੁੱਡਾ/ਪਾਲਿਸੀ/2016/ 23137 – 23159 ਮਿਤੀ: 3/11/16

ਉਪਰੋਕਤ ਦਾ ਉਤਾਰਾ ਪੁੱਡਾ ਦੇ ਸਮੂਹ ਸ਼ਾਖਾਂ ਦੇ ਮੁੱਖੀਆਂ ਨੂੰ ਉਹਨਾਂ ਅਧੀਨ ਕੰਮ ਕਰ ਰਹੇ ਅਧਿਕਾਰੀਆਂ/ ਕਰਮਚਾਰੀਆਂ ਦੀ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

3/11/16

ਅਮਲਾ ਅਫਸਰ(ਪਾਲਿਸੀ)
ਵਾ: ਮੁੱਖ ਪ੍ਰਸ਼ਾਸਕ

ਪਿੱਠ ਅੰਕਣ ਨੰ: ਪੁੱਡਾ/ਪਾਲਿਸੀ/2016/ 23160 ਮਿਤੀ: 3/11/16

ਉਪਰੋਕਤ ਦਾ ਉਤਾਰਾ ਪ੍ਰਧਾਨ, ਪੁੱਡਾ ਮੁਲਾਜਮ ਤਾਲਮੇਲ ਸੰਘਰਸ਼ ਕਮੇਟੀ, ਪੁੱਡਾ ਭਵਨ, ਸੈਕਟਰ-62 ਐਸ.ਏ.ਐਸ.ਨਗਰ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

3/11/16

ਅਮਲਾ ਅਫਸਰ(ਪਾਲਿਸੀ)
ਵਾ: ਮੁੱਖ ਪ੍ਰਸ਼ਾਸਕ